ਪੰਜਾਬ ਸਰਕਾਰ, ਵਿੱਤ ਵਿਭਾਗ
ਪ੍ਰਮੁੱਖ ਲੇਖਾ ਦਫਤਰ (ਨਵੀਂ ਪੈਨਸ਼ਨ ਸਕੀਮ)
ਵਣ ਕੰਪਲੈਕਸ, ਸੈਕਟਰ 68, ਮੋਹਾਲੀ।
ਫੋਨ ਨੰ: 0172-2298087

ਸੇਵਾ ਵਿਖੇ

1. ਡਾਇਰੈਕਟਰ,
ਸਿੱਖਿਆ ਵਿਭਾਗ (ਸੈ.ਸਿੱ),ਪੰਜਾਬ, ਮੋਹਾਲੀ।

2. ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ,
ਸੈਕਟਰ-34,ਚੰਡੀਗੜ੍ਹ।

3. ਅਧੀਨ ਸਕੱਤਰ,
ਮਾਲ ਤੇ ਪੁਨਰਵਾਸ ਵਿਭਾਗ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

4. ਡਾਇਰੈਕਟਰ ਜਨਰਲ ਪੁਲਿਸ,
ਪੰਜਾਬ, ਸੈਕਟਰ-9, ਚੰਡੀਗੜ੍ਹ।

5. ਮੁੱਖ ਇੰਜੀਨੀਅਰ,
ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ।

6. ਮੁੱਖ ਇੰਜੀਨੀਅਰ,
ਪੰਜਾਬ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ,
ਪੰਜਾਬ, ਪਟਿਆਲਾ।

7. ਡਾਇਰੈਕਟਰ,
ਪੇਡੂ ਵਿਕਾਸ ਤੇ ਪੰਚਾਇਤ ਵਿਭਾਗ, ਮੋਹਾਲੀ।

8. ਡਾਇਰੈਕਟਰ,
ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ,
ਪੰਜਾਬ, ਸੈਕਟਰ-34, ਚੰਡੀਗੜ੍ਹ।

9. ਮੁੱਖ ਇੰਜੀਨੀਅਰ,
ਲੋਕ ਨਿਰਮਾਣ ਵਿਭਾਗ, ਪੰਜਾਬ, ਪਟਿਆਲਾ।

10. ਕਮਿਸ਼ਨਰ,
ਕਰ ਅਤੇ ਆਬਕਾਰੀ ਵਿਭਾਗ,
ਪੰਜਾਬ, ਪਟਿਆਲਾ। (ਕੈਂਪ ਦਫਤਰ ਸੈਕਟਰ-17, ਚੰਡੀਗੜ੍ਹ)

11. ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ।

12. ਡਾਇਰੈਕਟਰ,
ਸਟੇਟ ਟਰਾਂਸਪੋਰਟ ਵਿਭਾਗ, ਪੰਜਾਬ, ਚੰਡੀਗੜ੍ਹ।

13. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਸੈਕਟਰ-36, ਚੰਡੀਗੜ੍ਹ।

14. ਡਾਇਰੈਕਟਰ,
ਪਸ਼ੂ ਪਾਲਣ ਵਿਭਾਗ, ਪੰਜਾਬ, ਚੰਡੀਗੜ੍ਹ।

15. ਡਾਇਰੈਕਟਰ,
ਖੁਰਾਕ ਤੇ ਖਪਤਕਾਰ ਮਾਮਲੇ ਵਿਭਾਗ,
ਪੰਜਾਬ, ਸੈਕਟਰ-39, ਚੰਡੀਗੜ੍ਹ।

16. ਡਾਇਰੈਕਟਰ,
ਉੱਚ ਸਿੱਖਿਆ ਵਿਭਾਗ (ਕਾਲਜਾਂ),
ਪੰਜਾਬ, ਸੈਕਟਰ-17, ਚੰਡੀਗੜ੍ਹ।

17. ਡਾਇਰੈਕਟਰ,
ਖੇਤੀਬਾੜੀ ਵਿਭਾਗ, ਪੰਜਾਬ, ਫੇਜ਼-6, ਮੋਹਾਲੀ।

18. ਮੁੱਖ ਭੂਮੀਪਾਲ,
ਭੂਮੀ ਤੇ ਜਲ ਸੰਭਾਲ, ਸੈਕਟਰ-17, ਚੰਡੀਗੜ੍ਹ।।

19. ਵਧੀਕ ਡਾਇਰੈਕਟਰ,
ਖਜ਼ਾਨਾ ਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।

20. ਪ੍ਰੈਜੀਡੈਂਟ,ਸਟੇਟ ਕੰਨਜ਼ਿਊਮਰ ਕਮਿਸ਼ਨ,
ਪੰਜਾਬ (ਨੇੜੇ ਬਤਰਾ ਸਿਨੇਮਾ) ਸੈਕਟਰ-37, ਚੰਡੀਗੜ੍ਹ।

21. ਵਧੀਕ ਮੁੱਖ ਚੋਣ ਅਫਸਰ, ਪੰਜਾਬ,
ਸੈਕਟਰ-17, ਚੰਡੀਗੜ੍ਹ।

22 ਡਾਇਰੈਕਟਰ,
ਬਾਗਬਾਨੀ ਵਿਭਾਗ, ਪੰਜਾਬ, ਚੰਡੀਗੜ੍ਹ।

23. ਡਾਇਰੈਕਟਰ,
ਖੋਜ਼ ਅਤੇ ਮੈਡੀਕਲ ਸਿੱਖਿਆ, ਪੰਜਾਬ, ਮੋਹਾਲੀ।

24. ਡਾਇਰੈਕਟਰ,
ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ, ਸੈਕਟਰ-21, ਚੰਡੀਗੜ੍ਹ।

25. ਡਾਇਰੈਕਟਰ,
ਭਲਾਈ ਵਿਭਾਗ, ਪੰਜਾਬ, ਸੈਕਟਰ-34, ਚੰਡੀਗੜ੍ਹ।
ਪੰਜਾਬ, ਸੈਕਟਰ-34, ਚੰਡੀਗੜ੍ਹ।

26. ਡਾਇਰੈਕਟਰ,
ਉਦਯੋਗ ਅਤੇ ਕਾਮਰਸ, ਪੰਜਾਬ, ਸੈਕਟਰ-17, ਚੰਡੀਗੜ੍ਹ।

27. ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

28. ਰਜਿਸਟਰਾਰ,
ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ।

ਨੰ: ਨਪਸ/ਪੈਨਸ਼ਨ ਸੈਲ/2016/ 1956-1983
ਮਿਤੀ: 6.5.16

**ਵਿਸ਼ਾ:-** **ਵਿਸ਼ੇਸ਼ ਸਕੱਤਰ ਵਿੱਤ ਕਮ ਡਾਇਰੈਕਟਰ ਖਜ਼ਾਨਾ ਤੇ ਲੇਖਾ ਜੀ ਦੀ ਪ੍ਰਧਾਨਗੀ ਹੇਠ ਮਿਤੀ 28.04.2016 ਸ਼ਾਮ 3.30/4.00 ਵਜੇ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਪੱਤਰ ਨੰ: ਨਪਸ/ਪੈਨਸ਼ਨ ਸੈਲ/2016/1595 ਮਿਤੀ 25.04.2016 ਅਤੇ ਪੱਤਰ ਨੰ: ਨਪਸ/ਪੈਨਸ਼ਨ ਸੈਲ/2016/1596 ਮਿਤੀ 25.04.2016 ਦੀ ਲਗਾਤਾਰਤਾ ਵਿਚ।

2. ਨਵੀਂ ਪੈਨਸ਼ਨ ਸਕੀਮ ਅਧੀਨ ਲੀਗੇਸੀ ਡਾਟਾ ਮੰਗਵਾਉਣ ਲਈ ਵੱਖ-ਵੱਖ ਵਿਭਾਗਾਂ ਨਾਲ ਮਾਨਯੋਗ ਵਿਸ਼ੇਸ਼ ਸਕੱਤਰ ਵਿੱਤ ਕਮ ਡਾਇਰੈਕਟਰ ਖਜ਼ਾਨਾ ਤੇ ਲੇਖਾ ਜੀ ਦੀ ਪ੍ਰਧਾਨਗੀ ਹੇਠ ਮਿਤੀ 28.04.2016 ਨੂੰ ਹੋਈ ਮੀਟਿੰਗ ਦੀ ਕਾਰਵਾਈ ਰਿਪੋਰਟ ਨਾਲ ਨੱਥੀ ਕਰਕੇ ਮੀਟਿੰਗ ਵਿਚ ਲਏ ਗਏ ਫੈਸਲਿਆਂ ਦੀ ਪਾਲਣਾ ਹਿੱਤ ਆਪ ਜੀ ਨੂੰ ਭੇਜੀ ਜਾਂਦੀ ਹੈ।

3. ਜਿਨ੍ਹਾਂ ਵਿਭਾਗਾਂ/ਡੀ.ਡੀ.ਓਜ ਵੱਲੋਂ ਮੀਟਿੰਗ ਦੇ ਦੌਰਾਨ ਡਾਟਾ ਪੇਸ਼ ਕੀਤਾ ਗਿਆ ਸੀ, ਉਸ ਡਾਟੇ ਦੀ ਪੜਚੋਲ ਕਰਦੇ ਹੋਏ ਇਹ ਪਾਇਆ ਗਿਆ ਹੈ ਕਿ ਜਾਂ ਤਾਂ ਜ਼ਿਆਦਾਤਰ ਡਾਟਾ ਪਹਿਲਾਂ ਹੀ ਪ੍ਰਾਪਤ ਹੋ ਚੁੱਕਿਆ ਹੈ, ਉਸੇ ਨੂੰ ਦੁਬਾਰਾ ਭੇਜ ਦਿੱਤਾ ਗਿਆ ਹੈ। ਜਾਂ ਡਾਟਾ ਭਰਤੀ ਦੀ ਮਿਤੀ ਤੋਂ ਨਹੀਂ ਭੇਜਿਆ ਗਿਆ, ਖਜ਼ਾਨਾ ਵਾਊਚਰ ਨੰ: ਆਦਿ ਨਹੀਂ ਦਰਸਾਏ ਗਏ। ਪ੍ਰਾਪਤ ਹੋਏ ਡਾਟੇ ਬਾਰੇ ਸਥਿਤੀ ਅਨੁਲੱਗ 'ੲ' ਵਿਚ ਦਰਸਾ ਦਿੱਤੀ ਗਈ ਹੈ। ਜਿਨ੍ਹਾਂ ਦਾ ਡਾਟਾ ਮੁਕੰਮਲ ਨਹੀਂ ਹੈ, ਉਹ ਕੀਤੇ ਗਏ ਪ੍ਰੇਖਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਮੁਕੰਮਲ ਡਾਟਾ ਭਿਜਵਾਉਣ ਦੀ ਖੇਚਲ ਕਰਨ ਅਤੇ ਜਿਨ੍ਹਾਂ ਵੱਲੋਂ ਮੀਟਿੰਗ ਦੌਰਾਨ ਕੋਈ ਡਾਟਾ ਪੇਸ਼ ਨਹੀਂ ਕੀਤਾ ਗਿਆ, ਉਹ ਕ੍ਰਿਪਾ ਕਰਕੇ ਮੀਟਿੰਗ ਦੇ ਫੈਸਲੇ ਅਨੁਸਾਰ ਮਿੱਥੀ ਮਿਤੀ ਤੱਕ ਡਾਟਾ ਭਿਜਵਾਉਣ ਲਈ ਉਨ੍ਹਾਂ ਦੇ ਅਧੀਨ ਆਉਂਦੇ ਡੀ.ਡੀ.ਓਜ ਨੂੰ ਹਦਾਇਤਾਂ ਜਾਰੀ ਕਰਨ ਦੀ ਖੇਚਲ ਕਰਨ।

ਡਿਪਟੀ ਡਾਇਰੈਕਟਰ (ਪੈਨਸ਼ਨ)
ਵਾ:ਵਿਸ਼ੇਸ਼ ਸਕੱਤਰ ਵਿੱਤ-ਕਮ-ਡਾਇਰੈਕਟਰ,
ਖਜ਼ਾਨਾ ਤੇ ਲੇਖਾ।

o/c

ਵਿਸ਼ਾ: ਨਵੀਂ ਪੈਨਸ਼ਨ ਸਕੀਮ ਅਧੀਨ ਲੀਗੇਸੀ ਡੈਟਾ ਮੰਗਵਾਉਣ ਲਈ ਵੱਖ ਵੱਖ ਵਿਭਾਗਾਂ ਨਾਲ ਮਿਤੀ 28.04.2016 ਨੂੰ ਸ਼ਾਮ 3.30 ਵਜੇ ਅਤੇ 4.00 ਵਜੇ ਹੋਈ ਦੀ ਕਾਰਵਾਈ।

ਮਿਤੀ 28.4.2016 ਨੂੰ ਵੱਖ ਵੱਖ ਵਿਭਾਗਾਂ ਦੇ ਗਰੁੱਪ ਏ ਅਧਿਕਾਰੀਆਂ ਨਾਲ ਵਿਸ਼ੇਸ਼ ਸਕੱਤਰ ਵਿੱਤ ਕਮ-ਡਾਇਰੈਕਟਰ ਖਜਾਨਾ ਅਤੇ ਲੇਖਾ, ਵਿੱਤ ਵਿਭਾਗ ਦੀ ਪ੍ਰਧਾਨਗੀ ਹੇਠ ਦੋ ਮੀਟਿੰਗਾਂ ਕੀਤੀਆਂ ਗਈਆਂ। 17 ਵਿਭਾਗਾਂ ਨੂੰ ਦੁਪਹਿਰ ਬਾਅਦ 3.30 ਵਜੇ ਅਤੇ 11 ਵਿਭਾਗਾਂ ਨੂੰ ਸ਼ਾਮ 4.00 ਵਜੇ ਪੰਜਾਬ ਸਿਵਲ ਸਕੱਤਰੇਤ ਵਿੱਖੇ ਬੁਲਾ ਕੇ ਉਹਨਾਂ ਨਾਲ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਆਏ ਨੁਮਾਇੰਦਿਆਂ ਦੀ ਲਿਸਟ ਅਨੁਲੱਗ ੳ ਅਤੇ ਅਨੁਲੱਗ ਅ ਤੇ ਕ੍ਰਮਵਾਰ, ਸ਼ਾਮਲ ਕੀਤੀ ਜਾਂਦੀ ਹੈ।ਪ੍ਰਤੀਨਿਧਾਂ ਤੋਂ ਇਲਾਵਾ ਡਿਪਟੀ ਡਾਇਰੈਕਟਰ ਪੈਨਸ਼ਨ ਵੀ ਮੀਟਿੰਗ ਵਿੱਚ ਸ਼ਾਮਲ ਸਨ।

2. ਮੀਟਿੰਗ ਵਿੱਚ ਆਏ ਵਿਭਾਗਾਂ ਦੇ ਪ੍ਰਤੀਨਿਧੀਆਂ ਨੂੰ ਦੱਸਿਆ ਗਿਆ ਕਿ ਨਵੀਂ ਪੈਨਸ਼ਨ ਸਕੀਮ ਤਹਿਤ 31.3.2011 ਤੱਕ ਭਰਤੀ ਹੋ ਚੁੱਕੇ ਅਧਿਕਾਰੀਆਂ/ਕਰਮਚਾਰੀਆਂ ਵਿੱਚੋਂ ਤਕਰੀਬਨ 12000 ਅੰਸ਼ਦਾਤਿਆਂ ਦਾ ਡੈਟਾ ਉਹਨਾਂ ਦੇ ਵਿਭਾਗਾਂ ਵੱਲੋਂ ਨਾਂ ਭੇਜਣ ਕਾਰਨ ਜਿੱਥੇ ਅੰਸਦਾਤਿਆਂ ਦੇ ਖਾਤੇ ਮੁਕੰਮਲ ਨਹੀਂ ਹੋ ਰਹੇ, ਉਹਨਾਂ ਦੇ ਖਾਤਿਆਂ ਵਿੱਚ ਬਣਦੀ ਰਾਸ਼ੀ ਨਾਂ ਜਾਣ ਕਾਰਨ ਉਹਨਾਂ ਨੂੰ ਮਿਲਣ ਵਾਲੀ ਪੈਨਸ਼ਨ ਗ੍ਰੋਥ ਦਾ ਨੁਕਸਾਨ ਹੋ ਰਿਹਾ ਹੈ, ਜਿਸ ਕਰਕੇ ਸਰਕਾਰ ਫੰਡਜ ਉਹਨਾਂ ਦੇ ਖਾਤੇ ਵਿੱਚ ਜਮ੍ਹਾ ਨਹੀਂ ਕਰਵਾ ਪਾ ਰਹੀ। ਸਿੱਟੇ ਵਜੋਂ ਰਾਸ਼ੀ ਲੇਟ ਜਮ੍ਹਾ ਕਰਾਉਣ ਕਾਰਨ ਸਰਕਾਰ ਦਾ ਵਿਆਜ ਦੀ ਦੇਣਦਾਰੀ ਵਜੋਂ ਵੱਡਾ ਵਿੱਤੀ ਨੁਕਸਾਨ ਹੋ ਰਿਹਾ ਹੈ।

3. ਮੀਟਿੰਗ ਦੇ ਨੋਟਿਸ ਦੇ ਨਾਲ ਹੀ ਸਮੂਹ ਵਿਭਾਗਾਂ ਨੂੰ ਅੰਸ਼ਦਾਤਾ ਵਾਈਜ, ਡੀ.ਡੀ.ਓ ਵਾਈਜ, ਜਿਲ੍ਹਾ ਵਾਈਜ ਅਤੇ ਵਿਭਾਗ ਵਾਈਜ ਬਕਾਇਆ ਰਹਿੰਦੇ ਡੈਟੇ ਦੀ ਸੂਚਨਾ ਈ.ਮੇਲ ਰਾਂਹੀ ਭੇਜ਼ ਦਿੱਤੀ ਗਈ ਸੀ ਅਤੇ ਉਹਨਾਂ ਨੂੰ ਕਿਹਾ ਗਿਆ ਸੀ ਕਿ ਉਹ ਇਹ ਡਾਟਾ ਮੀਟਿੰਗ ਵਿੱਚ ਨਾਲ ਲੈ ਕੇ ਆਉਣ।ਇਸ ਅਨੁਸਾਰ ਕੁਝ ਵਿਭਾਗਾਂ ਵੱਲੋਂ ਡਾਟਾ ਨਾਲ ਲਿਆਂਦਾ ਵੀ ਗਿਆ, ਜਿਸ ਦੀ ਸੂਚਨਾ ਅਤੇ ਪ੍ਰਾਪਤ ਹੋਏ ਡੈਟੇ ਦੀ ਸਥਿਤੀ ਬਾਰੇ ਅਨੁਲੱਗ ੲ ਤੇ ਵੇਰਵੇ ਸ਼ਾਮਲ ਕੀਤੇ ਜਾਂਦੇ ਹਨ।

4. ਸਮੂਹ ਵਿਭਾਗਾਂ ਨੂੰ ਸਪਸ਼ਟ ਕੀਤਾ ਗਿਆ ਕਿ ਵਿਭਾਗਾਂ ਵੱਲੋਂ ਡਾਟਾ ਉਪਲਬਧ ਨਾਂ ਕਰਾਉਣ ਕਰਕੇ ਵਿੱਤ ਵਿਭਾਗ ਵਿਆਜ ਦੀ ਬਣਦੀ ਲਾਇਬਲਟੀ ਹੋਰ ਅੱਗੇ ਲਈ ਸਹਿਣ ਨਹੀਂ ਕਰੇਗਾ ਅਤੇ ਜਿਹੜਾ ਵੀ ਵਿਭਾਗ ਡਾਟਾ ਉਪਲਬਧ ਨਹੀਂ ਕਰਾਏਗਾ, ਉਸ ਸੂਰਤ ਵਿੱਚ ਅੰਸ਼ਦਾਤਾ ਦੇ ਹੋਣ ਵਾਲੇ ਨੁਕਸਾਨ ਲਈ ਸਬੰਧਤ ਵਿਭਾਗ ਜਿੰਮੇਵਾਰ ਹੋਵੇਗਾ।

5. ਵਿਭਾਗਾਂ ਦੇ ਨੁਮਾਇੰਦਿਆਂ ਨੂੰ ਮੁਕੰਮਲ ਸਥਿਤੀ ਸਪਸ਼ਟ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਸਮੂਹ ਵਿਭਾਗ ਮੁਕੰਮਲ ਡੈਟਾ ਮਿਤੀ 31.05.2016 ਤੱਕ ਉਪਲਬਧ ਕਰਵਾ ਦੇਣ। ਜੇਕਰ ਫਿਰ ਵੀ ਕੋਈ ਵਿਭਾਗ ਆਪਣਾ ਡਾਟਾ ਮੁਕੰਮਲ ਨਹੀਂ ਕਰਦਾ, ਤਾਂ ਬਤੌਰ ਡਾਇਰੈਕਟਰ ਖਜਾਨਾ ਅਤੇ ਲੇਖਾ ਸਬੰਧਤ ਖਜਾਨਿਆਂ ਨੂੰ ਹਦਾਇਤਾਂ ਕਰ ਦਿੱਤੀਆਂ ਜਾਣਗੀਆਂ ਕਿ ਉਸ ਸਬੰਧਤ ਡੀ.ਡੀ.ੳ. ਦੀ ਤਨਖਾਹ ਰੋਕ ਲਈ ਜਾਵੇ ਅਤੇ ਉਨੀ ਦੇਰ ਤੱਕ ਰਲੀਜ ਨਾ ਕੀਤੀ ਜਾਵੇ ਜਿੰਨੀ ਦੇਰ ਤੱਕ ਉਹ ਡਿਪਟੀ ਡਾਇਰੈਕਟਰ ਪੈਨਸ਼ਨ ਤੋਂ ਮੁਕੰਮਲ ਲੀਗੇਸੀ ਡਾਟਾ ਪ੍ਰਾਪਤ ਹੋਣ ਦਾ ਸਰਟੀਫਿਕੇਟ ਪੇਸ਼ ਨਹੀਂ ਕਰਦੇ।

6. ਮੀਟਿੰਗ ਧੰਨਵਾਦ ਦੇ ਮਤੇ ਸਹਿਤ ਸਮਾਪਤ ਹੋਈ।

Deputy Director (Pension)
Principal Accounts Office (NPS)
Finance Deptt., Punjab,
Chandigarh